Punjabi | ਪੰਜਾਬੀ

Australian Government

NATIONAL BOWEL CANCER SCREENING PROGRAM

# ਕੋਲੋਨੋਸਕੋਪੀ ਕਰਵਾਉਣ ਬਾਰੇ ਜਾਣਕਾਰੀ



Interpreter

**ਆਪਣੀ ਭਾਸ਼ਾ ਵਿੱਚ ਜਾਣਕਾਰੀ ਲੈਣ ਲਈ,** ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ: 13 14 50 'ਤੇ ਫ਼ੋਨ ਕਰੋ ਜਾਂ **www.health.gov.au/nbcsp-translations** 'ਤੇ ਜਾਓ

**ਤੁਹਾਡੇ ਅੰਤੜੀਆਂ ਦੇ ਕੈਂਸਰ ਦੇ ਟੈਸਟ ਵਿੱਚ ਤੁਹਾਡੇ ਪਖਾਨੇ ਵਿੱਚ ਖ਼ੂਨ ਮਿਲਿਆ ਹੈ। ਟੈਸਟ ਵਿੱਚ ਖ਼ੂਨ ਮਿਲਣ ਦੇ ਕਈ ਕਾਰਨ ਹੋ ਸਕਦੇ ਹਨ; ਜ਼ਿਆਦਾਤਰ ਕੈਂਸਰ ਨਾਲ ਸੰਬੰਧਿਤ ਨਹੀਂ ਹੁੰਦੇ ਹਨ, ਪਰ ਕਾਰਨ ਦਾ ਪਤਾ ਲਗਾਉਣਾ ਮਹੱਤਵਪੂਰਨ ਹੈ।**

- ☐ **ਆਪਣੇ ਡਾਕਟਰ ਨਾਲ ਐਪੋਇੰਟਮੈਂਟ ਲਓ ਅਤੇ ਆਪਣੇ ਪੌਜ਼ੇਟਿਵ ਟੈਸਟ ਦੇ ਨਤੀਜੇ ਬਾਰੇ ਗੱਲ ਕਰੋ।** ਤੁਹਾਡਾ ਡਾਕਟਰ ਇੱਕ ਟੈਸਟ ਕਰਵਾਉਣ ਲਈ ਕਹਿ ਸਕਦਾ ਹੈ ਜਿਸਨੂੰ ਕੋਲੋਨੋਸਕੋਪੀ ਕਿਹਾ ਜਾਂਦਾ ਹੈ।

## ਕੋਲੋਨੋਸਕੋਪੀ ਬਾਰੇ

ਕੋਲੋਨੋਸਕੋਪੀ ਇੱਕ ਪ੍ਰਕਿਰਿਆ ਹੁੰਦੀ ਹੈ ਜਿਸ ਵਿੱਚ ਇੱਕ ਪਤਲੀ, ਲਚਕੀਲੀ ਟਿਊਬ ਵਰਤੀ ਜਾਂਦੀ ਹੈ, ਜਿਸ ਦੇ ਨਾਲ ਇੱਕ ਛੋਟਾ ਕੈਮਰਾ ਜੁੜਿਆ ਹੁੰਦਾ ਹੈ, ਜਿਸਨੂੰ ਕੋਲੋਨੋਸਕੋਪ (ਸਕੋਪ) ਕਿਹਾ ਜਾਂਦਾ ਹੈ ਅਤੇ ਇਹ ਤੁਹਾਡੀਆਂ ਅੰਤੜੀਆਂ ਦੇ ਅੰਦਰ ਵੇਖਣ ਲਈ ਵਰਤਿਆ ਜਾਂਦਾ ਹੈ।

ਡਾਕਟਰ ਤੁਹਾਨੂੰ ਇੱਕ ਦਵਾਈ ਦੇਵੇਗਾ ਜੋ ਤੁਹਾਨੂੰ ਆਰਾਮ ਮਹਿਸੂਸ ਕਰਵਾਏਗੀ (ਇਸਨੂੰ ਬੇਹੋਸ਼ ਕਰਨਾ ਕਿਹਾ ਜਾਂਦਾ ਹੈ)।

ਜਦੋਂ ਤੁਸੀਂ ਲੇਟੇ ਹੋਏ ਹੋਵੋਗੇ, ਤਾਂ ਡਾਕਟਰ ਤੁਹਾਡੇ ਮਲ-ਤਿਆਗ ਦੁਆਰ ਰਾਹੀਂ ਇਸ ਸਕੋਪ ਨੂੰ ਤੁਹਾਡੀ ਅੰਤੜੀ ਦੇ ਅੰਦਰ ਲਿਜਾਵੇਗਾ ਤਾਂ ਜੋ ਪੌਲੀਪਸ ਜਾਂ ਵਧੀਆ ਹੋਈਆਂ ਗੰਢਾਂ ਨੂੰ ਵੇਖ ਸਕੇ।

ਤੁਹਾਨੂੰ ਇਸ ਦੌਰਾਨ ਕੋਈ ਦਰਦ ਜਾਂ ਕੁੱਝ ਵੀ ਮਹਿਸੂਸ ਨਹੀਂ ਹੋਵੇਗਾ ਅਤੇ ਨਾ ਹੀ ਇਹ ਯਾਦ ਰਹੇਗਾ ਕਿ ਕੀ ਹੋਇਆ ਹੈ।

ਇਸ ਪ੍ਰਕਿਰਿਆ ਵਿੱਚ 45 ਮਿੰਟ ਤੱਕ ਦਾ ਸਮਾਂ ਲੱਗ ਸਕਦਾ ਹੈ। ਤੁਸੀਂ 3 ਤੋਂ 4 ਘੰਟਿਆਂ ਲਈ ਹਸਪਤਾਲ ਵਿੱਚ ਰਹਿਣ ਦੀ ਉਮੀਦ ਕਰ ਸਕਦੇ ਹੋ।

ਤੁਸੀਂ ਆਪਣੀ ਕੋਲੋਨੋਸਕੋਪੀ ਕਿਸੇ ਸਰਕਾਰੀ ਜਾਂ ਨਿੱਜੀ ਹਸਪਤਾਲ ਜਾਂ ਕਲੀਨਿਕ ਵਿੱਚ ਕਰਵਾਉਣ ਦੀ ਚੋਣ ਕਰ ਸਕਦੇ ਹੋ।

## ਮੇਰਾ ਡਾਕਟਰ ਕੋਲੋਨੋਸਕੋਪੀ ਕਰਵਾਉਣ ਦੀ ਸਿਫ਼ਾਰਸ਼ ਕਿਉਂ ਕਰੇਗਾ?

- ਟੈਸਟ ਵਿਚ ਖ਼ੂਨ ਆਉਣ ਦਾ ਕਾਰਨ ਜਾਂਚ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੋਲੋਨੋਸਕੋਪੀ ਹੈ।
- ਕੋਲੋਨੋਸਕੋਪੀ ਦੌਰਾਨ, ਆਮ ਤੌਰ ‘ਤੇ ਡਾਕਟਰ ਮਿਲਣ ਵਾਲੇ ਪੌਲੀਪਸ ਜਾਂ ਵਧੀਆ ਹੋਈਆਂ ਗੰਢਾਂ ਨੂੰ ਵੀ ਕੱਢ ਦੇਵੇਗਾ।
- ਪੌਲੀਪ ਇੱਕ ਛੋਟੀ ਗੰਢ ਹੁੰਦੀ ਹੈ ਜੋ ਅੰਤੜੀਆਂ ਦੀ ਪਰਤ ਦੇ ਨਾਲ ਲੱਗੀ ਹੋਈ ਹੁੰਦੀ ਹੈ, ਜੋ ਕਈ ਵਾਰ ਕੈਂਸਰ ਬਣ ਸਕਦੀ ਹੈ।
- ਪੌਲੀਪਸ ਨੂੰ ਹਟਾਉਣ ਨਾਲ ਕੈਂਸਰ ਨੂੰ ਰੋਕਣ ਵਿੱਚ ਮੱਦਦ ਮਿਲ ਸਕਦੀ ਹੈ ਅਤੇ ਇਹ ਦਰਦ ਰਹਿਤ ਹੁੰਦਾ ਹੈ।
- ਕੱਢੇ ਗਏ ਪੌਲੀਪਸ ਜਾਂ ਗੰਢਾਂ ਦੀ ਜਾਂਚ ਲੈਬੋਰਟਰੀ ਵਿੱਚ ਕੀਤੀ ਜਾਂਦੀ ਹੈ ਤਾਂ ਜੋ ਪਤਾ ਲੱਗੇ ਕਿ ਉਹ ਘਾਤਕ (ਕੈਂਸਰ ਵਾਲੀਆਂ) ਹਨ ਜਾਂ ਸੁਭਾਵਿਕ (ਨੁਕਸਾਨ ਰਹਿਤ) ਹਨ।

## ਮੈਂ ਕੋਲੋਨੋਸਕੋਪੀ ਕਰਵਾਉਣ ਲਈ ਕਿਵੇਂ ਤਿਆਰੀ ਕਰਾਂ?

ਜੇਕਰ ਤੁਹਾਨੂੰ ਕੋਈ ਸਿਹਤ ਸਮੱਸਿਆ ਹੈ ਜਾਂ ਤੁਸੀਂ ਨਿਯਮਤ ਦਵਾਈ ਲੈਂਦੇ ਹੋ, ਤਾਂ ਆਪਣੀ ਅੰਤੜੀਆਂ ਦੀ ਜਾਂਚ ਦੀ ਤਿਆਰੀ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ। ਉਹ ਤੁਹਾਨੂੰ ਕੋਲੋਨੋਸਕੋਪੀ ਤੋਂ ਕੁੱਝ ਦਿਨ ਪਹਿਲਾਂ ਕੁੱਝ ਦਵਾਈਆਂ ਲੈਣਾ ਬੰਦ ਕਰਨ ਲਈ ਕਹਿ ਸਕਦੇ ਹਨ।

ਤੁਹਾਨੂੰ ਦੱਸਿਆ ਜਾਵੇਗਾ ਕਿ ਕਿਵੇਂ ਤਿਆਰੀ ਕਰਨੀ ਹੈ, ਜਿਸ ਵਿੱਚ ਸ਼ਾਮਲ ਹੈ:

- **ਖ਼ੁਰਾਕ।** ਕੋਲੋਨੋਸਕੋਪੀ ਤੋਂ ਕੁੱਝ ਦਿਨ ਪਹਿਲਾਂ, ਤੁਹਾਨੂੰ ਕੀ ਖਾਣਾ-ਪੀਣਾ ਚਾਹੀਦਾ ਹੈ।
- **ਪੇਟ ਸਾਫ਼ ਕਰਨ ਦੀ ਤਿਆਰੀ।** ਦਵਾਈ ਵਾਲੀ ਕਿੱਟ ਕਿਵੇਂ ਲੈਣੀ ਹੈ, ਜੋ ਤੁਹਾਨੂੰ ਆਪਣੇ ਪੇਟ ਨੂੰ ਖ਼ਾਲੀ ਕਰਨ ਲਈ ਟਾਇਲਟ ਜਾਣ ਵਿੱਚ ਮੱਦਦ ਕਰੇਗੀ।

ਤੁਹਾਨੂੰ ਆਪਣੇ ਪੇਟ ਨੂੰ ਤਿਆਰ ਕਰਨ ਲਈ ਦਿੱਤੀਆਂ ਹਿਦਾਇਤਾਂ ਦੀ ਧਿਆਨ ਨਾਲ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਡਾਕਟਰ ਤੁਹਾਡੀਆਂ ਅੰਤੜੀਆਂ ਦੇ ਅੰਦਰ ਸਾਫ਼-ਸਾਫ਼ ਵੇਖ ਸਕੇ। ਨਹੀਂ ਤਾਂ, ਤੁਹਾਨੂੰ ਦੁਬਾਰਾ ਕੋਲੋਨੋਸਕੋਪੀ ਕਰਵਾਉਣ ਦੀ ਲੋੜ ਪੈ ਸਕਦੀ ਹੈ।

## ਕੋਲੋਨੋਸਕੋਪੀ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਜਦੋਂ ਤੁਸੀਂ ਕੋਲੋਨੋਸਕੋਪੀ ਤੋਂ ਜਾਗਦੇ ਹੋ, ਤਾਂ ਤੁਹਾਨੂੰ ਖਾਣ-ਪੀਣ ਲਈ ਕੁੱਝ ਦਿੱਤਾ ਜਾਵੇਗਾ। ਤੁਸੀਂ ਪੇਟ ਵਿੱਚ ਥੋੜ੍ਹਾ ਜਿਹਾ ਅਫ਼ਰੇਵਾਂ ਮਹਿਸੂਸ ਕਰ ਸਕਦੇ ਹੋ, ਪਰ ਇਹ ਸਿਰਫ਼ ਲੱਗਭਗ ਇੱਕ ਘੰਟਾ ਹੀ ਰਹੇਗਾ। ਤੁਹਾਨੂੰ ਥੋੜ੍ਹਾ ਜਿਹਾ ਖ਼ੂਨ ਨਿੱਕਲ ਸਕਦਾ ਹੈ, ਪਰ ਇਹ ਬਿਲਕੁਲ ਸਧਾਰਨ ਗੱਲ ਹੈ।

ਤੁਹਾਨੂੰ ਦੱਸਿਆ ਜਾਵੇਗਾ ਕਿ ਇਹ ਕਿਵੇਂ ਰਿਹਾ, ਘਰ ਜਾਣ ਤੋਂ ਬਾਅਦ ਆਪਣੀ ਦੇਖਭਾਲ ਕਿਵੇਂ ਕਰਨੀ ਹੈ, ਆਪਣੀ ਆਮ ਖ਼ੁਰਾਕ ਅਤੇ ਦਵਾਈਆਂ ਕਦੋਂ ਦੁਬਾਰਾ ਸ਼ੁਰੂ ਕਰਨੀਆਂ ਹਨ, ਅਤੇ ਬਾਅਦ ਵਿੱਚ ਕੋਈ ਵੀ ਮੁਲਾਕਾਤ ਜੋ ਜ਼ਰੂਰੀ ਹੈ। ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਤੁਹਾਨੂੰ ਘਰ ਲੈ ਜਾਣਾ ਚਾਹੀਦਾ ਹੈ ਅਤੇ ਤੁਹਾਡੇ ਨਾਲ ਰਹਿਣਾ ਚਾਹੀਦਾ ਹੈ।

ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਕੋਲੋਨੋਸਕੋਪੀ ਅਤੇ ਪ੍ਰਯੋਗਸ਼ਾਲਾ ਟੈਸਟ ਦੇ ਨਤੀਜਿਆਂ ਬਾਰੇ ਇੱਕ ਰਿਪੋਰਟ ਦਿੱਤੀ ਜਾਵੇਗੀ।

ਤੁਹਾਨੂੰ ਜਾਂ ਤੁਹਾਡੇ ਡਾਕਟਰ ਨੂੰ ਆਪਣੇ ਪ੍ਰਯੋਗਸ਼ਾਲਾ ਦੇ ਨਤੀਜੇ ਦੀ ਰਿਪੋਰਟ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ ਨੂੰ ਕਰਨੀ ਚਾਹੀਦੀ ਹੈ।

ਕਿਉਂਕਿ ਤੁਹਾਨੂੰ ਬੇਹੋਸ਼ੀ ਦੀ ਦਵਾਈ ਦਿੱਤੀ ਗਈ ਹੁੰਦੀ ਹੈ, ਇਸ ਲਈ ਕੋਲੋਨੋਸਕੋਪੀ ਤੋਂ ਬਾਅਦ 24 ਘੰਟਿਆਂ ਤੱਕ ਤੁਸੀਂ ਇਹ ਨਾ ਕਰੋ:

- ਗੱਡੀ ਨਾ ਚਲਾਓ
- ਇਕੱਲੇ ਯਾਤਰਾ ਨਾ ਕਰੋ
- ਮਸ਼ੀਨਰੀ ਦੀ ਵਰਤੋਂ ਨਾ ਕਰੋ
- ਕਾਨੂੰਨੀ ਕਾਗਜ਼ਾਂ 'ਤੇ ਦਸਤਖ਼ਤ ਨਾ ਕਰੋ
- ਸ਼ਰਾਬ ਨਾ ਪੀਓ।

## ਕੋਲੋਨੋਸਕੋਪੀ ਕਿੰਨੀ ਸਹੀ ਹੁੰਦੀ ਹੈ?

ਕੋਲੋਨੋਸਕੋਪੀ ਬਹੁਤ ਹੀ ਸਹੀ ਹੁੰਦੀ ਹੈ ਅਤੇ ਤੁਹਾਡਾ ਟੈਸਟ ਪੌਜ਼ੇਟਿਵ ਕਿਉਂ ਆਇਆ, ਇਸ ਬਾਰੇ ਪਤਾ ਲਗਾਉਣ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ। ਅਜੇ ਵੀ ਤੁਹਾਡੀ ਪ੍ਰਕਿਰਿਆ ਦੌਰਾਨ ਕੁੱਝ ਛੁੱਟ ਜਾਣ ਦੀ ਥੋੜ੍ਹੀ ਜਿਹੀ ਸੰਭਾਵਨਾ ਹੁੰਦੀ ਹੈ।

ਜੇਕਰ ਕੋਈ ਕੈਂਸਰ ਜਾਂ ਪੌਲੀਪਸ ਨਹੀਂ ਮਿਲਦਾ, ਤਾਂ ਤੁਹਾਨੂੰ ਨੈਸ਼ਨਲ ਬੋਅਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਨਾਲ ਸਕ੍ਰੀਨਿੰਗ ਕਰਨੀ ਜਾਰੀ ਰੱਖਣੀ ਚਾਹੀਦੀ ਹੈ। ਜਦੋਂ ਤੁਹਾਡੀ ਅਗਲੀ ਸਕ੍ਰੀਨਿੰਗ ਦੀ ਮਿਤੀ ਆਵੇਗੀ, ਅਸੀਂ ਤੁਹਾਨੂੰ ਹੋਰ ਟੈਸਟ ਭੇਜਾਂਗੇ।

## ਕੀ ਇਸਦੇ ਕੋਈ ਜ਼ੋਖਮ ਜਾਂ ਮਾੜੇ ਪ੍ਰਭਾਵ ਹੁੰਦੇ ਹਨ?

ਕੋਲੋਨੋਸਕੋਪੀ ਤੋਂ ਬਾਅਦ ਆਮ ਤੌਰ 'ਤੇ ਮਾੜੇ ਪ੍ਰਭਾਵ ਨਹੀਂ ਹੁੰਦੇ ਹਨ। ਤੁਹਾਨੂੰ ਪੇਟ ਦੀ ਤਿਆਰੀ ਕਾਰਨ ਸਿਰ ਦਰਦ ਜਾਂ ਉਲਟੀਆਂ ਆ ਸਕਦੀਆਂ ਹਨ ਜਾਂ ਕੋਲੋਨੋਸਕੋਪੀ ਤੋਂ ਬਾਅਦ ਖ਼ੂਨ ਵਹਿ ਸਕਦਾ ਹੈ। ਤੁਹਾਨੂੰ ਬੇਹੋਸ਼ੀ ਦੀ ਦਵਾਈ ਨਾਲ ਰਿਐਕਸ਼ਨ ਹੋ ਸਕਦਾ ਹੈ, ਪਰ ਇਹ ਬਹੁਤ ਹੀ ਘੱਟ ਹੁੰਦਾ ਹੈ। ਬਹੁਤ ਹੀ ਘੱਟ, ਕੁੱਝ ਲੋਕਾਂ ਨੂੰ ਦੁਬਾਰਾ ਹਸਪਤਾਲ ਜਾਣ ਦੀ ਲੋੜ ਹੁੰਦੀ ਹੈ।

ਤੁਹਾਨੂੰ ਆਪਣੀ ਕੋਲੋਨੋਸਕੋਪੀ ਤੋਂ ਪਹਿਲਾਂ ਕਿਸੇ ਵੀ ਜ਼ੋਖਮ ਜਾਂ ਚਿੰਤਾਵਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ।

## ਕੀ ਕੋਲੋਨੋਸਕੋਪੀ ਕਰਵਾਉਣ ਦਾ ਕੋਈ ਖ਼ਰਚਾ ਹੁੰਦਾ ਹੈ?

ਕਿਸੇ ਸਰਕਾਰੀ ਹਸਪਤਾਲ ਵਿੱਚ ਇੱਕ ਸਰਕਾਰੀ ਮਰੀਜ਼ ਵਜੋਂ ਕੋਲੋਨੋਸਕੋਪੀ ਕਰਵਾਉਣ ਲਈ ਕੋਈ ਖ਼ਰਚਾ ਨਹੀਂ ਹੈ। ਜੇਕਰ ਤੁਸੀਂ ਇੱਕ ਨਿੱਜੀ ਮਰੀਜ਼ ਵਜੋਂ ਕੋਲੋਨੋਸਕੋਪੀ ਕਰਵਾਉਂਦੇ ਹੋ, ਤਾਂ ਤੁਹਾਨੂੰ ਆਪਣੇ ਨਿੱਜੀ ਸਿਹਤ ਬੀਮੇ ਦੇ ਅਨੁਸਾਰ ਪੈਸੇ ਦੇਣੇ ਪੈ ਸਕਦੇ ਹਨ। ਤੁਹਾਨੂੰ ਪੇਟ ਨੂੰ ਤਿਆਰ ਕਰਨ ਵਾਲੀ ਕਿੱਟ ਲਈ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ।

## ਕੀ ਕੋਈ ਸਵਾਲ ਹਨ?

ਇਹ ਬਰੋਸ਼ਰ ਕੋਲੋਨੋਸਕੋਪੀ ਪ੍ਰਕਿਰਿਆ ਨੂੰ ਸਮਝਣ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ। ਤੁਹਾਡਾ ਡਾਕਟਰ ਜਾਂ ਹਸਪਤਾਲ ਤੁਹਾਨੂੰ ਹੋਰ ਜਾਣਕਾਰੀ ਦੇ ਸਕਦਾ ਹੈ।

DT0004036 - 0825

ਅੰਤੜੀਆਂ ਦੇ ਕੈਂਸਰ ਦੇ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਹੋਰ ਜਾਣੋ

**www.health.gov.au/nbcspl**